# ਪਰਿਵਾਰਕ/ਘਰੇਲੂ ਹਿੰਸਾ ਅਤੇ ਕੋਵਿਡ-19

ਕੋਵਿਡ-19 ਦੌਰਾਨ ਘਰ ਰਹਿਣ ਨਾਲ ਪਰਿਵਾਰਾਂ ਦੀ ਚਿੰਤਾ ਅਤੇ ਤਣਾਅ ਵਧਣ ਦੀ ਸੰਭਾਵਨਾ ਹੁੰਦੀ ਹੈ, ਜਿਸ ਨਾਲ ਪਰਿਵਾਰਕ\ਘਰੇਲੂ ਹਿੰਸਾ ਦਾ ਖ਼ਤਰਾ ਵਧ ਸਕਦਾ ਹੈ ਅਤੇ ਤੁਸੀਂ ਆਪਣੇ ਘਰ ਵਿੱਚ ਅਸੁਰੱਖਿਅਤ ਹੋ ਸਕਦੇ ਹੋ।

ਕਿਸੇ ਵੀ ਹਾਲਤਾਂ ਵਿੱਚ ਪਰਿਵਾਰਕ\ਘਰੇਲੂ ਹਿੰਸਾ ਲਈ ਕੋਈ ਬਹਾਨਾ ਵਾਜਬ ਨਹੀਂ ਹੈ। ਬਹੁਤ ਸਾਰੀਆਂ ਪਰਿਵਾਰਕ\ਘਰੇਲੂ ਹਿੰਸਾ ਸੇਵਾਵਾਂ ਆਮ੍ਹੋ - ਸਾਮ੍ਹਣੇ ਮਿਲਣ ਦੀ ਜਗ੍ਹਾਂ ਟੇਲੀਫੋਨ ਸਹਾਇਤਾ ਪ੍ਰਦਾਨ ਕਰ ਰਹੀਆਂ ਹਨ, ਸਾਰੀਆਂ ਪਰਿਵਾਰਕ\ਘਰੇਲੂ ਹਿੰਸਾ ਸੇਵਾਵਾਂ ਅਜੇ ਵੀ ਚਾਲੂ ਹਨ ਅਤੇ ਸਹਾਇਤਾ ਲਈ ਉਨ੍ਹਾਂ ਲਈ ਉਪਲਬਧ ਹੈ ਜੋ ਆਪਣੇ ਘਰ ਵਿੱਚ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ।

### ਜੇ ਮੈਂ ਘਰ ਵਿੱਚ ਅਸੁਰੱਖਿਅਤ ਮਹਿਸੂਸ ਕਰ ਰਿਹਾ\ਰਹੀ ਹਾਂ ਤਾਂ ਮੈਂ ਕੀ ਕਰ ਸਕਦਾ\ਸਕਦੀ ਹਾਂ?

ਤੁਹਾਨੂੰ ਇੱਕ ਸੁਰੱਖਿਆ ਯੋਜਨਾ(ਸੇਫਟੀ ਪਲਾਣ) ਤਿਆਰ ਕਰਨੀ ਚਾਹੀਦੀ ਹੈ, ਅਤੇ ਪਰਿਵਾਰਕ\ਘਰੇਲੂ ਹਿੰਸਾ ਸੇਵਾਵਾਂ (ਹੇਠਾਂ ਦਿੱਤੇ ਵੇਰਵੇ) ਦੀ ਸਲਾਹ ਅਤੇ ਸਹਾਇਤਾ ਲੈਣੀ ਚਾਹੀਦੀ ਹੈ।

**ਸੁਰੱਖਿਆ ਯੋਜਨਾ(ਸੇਫਟੀ ਪਲਾਣ)** ਦਾ ਵਿਕਾਸ ਤੁਹਾਡੇ ਲਈ ਰਣਨੀਤੀਆਂ ਬਣਾਉਣ ਵਿਚ ਮਦਦ ਕਰ ਸਕਦਾ ਹੈ ਤਾਂ ਕਿ ਜੇ ਪਰਿਵਾਰਕ\ਘਰੇਲੂ ਹਿੰਸਾ ਵਧੇ ਅਤੇ ਤੁਹਾਨੂੰ ਘਰ ਛੱਡਣਾ ਪਏ ਤਾਂ ਤੁਸੀਂ ਤਿਆਰ ਹੋਵੋ:

- **ਜੇ ਤੁਸੀਂ ਅਸੁਰੱਖਿਅਤ ਮਹਿਸੂਸ ਕਰ ਰਹੇ ਹੋ ਤਾਂ ਤੁਹਾਨੂੰ '000' ਡਾਇਲ ਕਰਨਾ ਚਾਹੀਦਾ ਹੈ।** ਜੇ ਤੁਹਾਨੂੰ ਕਿਸੇ ਦੁਭਾਸ਼ੀਏ ਦੀ ਜਰੂਰਤ ਹੁੰਦੀ ਹੈ ਤਾਂ ਆਪਰੇਟਰ ਨੂੰ ਆਪਣੀ ਭਾਸ਼ਾ ਦੱਸੋ ਅਤੇ ਉਹ ਤੁਹਾਨੂੰ ਦੁਭਾਸ਼ੀਏ ਨਾਲ ਜੋੜ ਦੇਣਗੇ।
- 000 ਨੂੰ ਕਾਲ ਕਰਨ ਤੋਂ ਬਾਅਦ ਆਪਰੇਟਰ ਪੁੱਛੇਗਾ ਕਿ ਕੀ ਤੁਹਾਨੂੰ ਪੁਲਿਸ,ਫਾਇਰ ਜਾਂ ਐਂਬੂਲੈਂਸ ਦੀ ਜ਼ਰੂਰਤ ਹੈ। **ਜੇ ਤੁਹਾਡੇ ਲਈ ਗੱਲ ਕਰਨਾ ਸੁਰੱਖਿਅਤ ਨਹੀਂ ਹੈ, ਤਾਂ '55' ਨੂੰ ਦਬਾਓ** ਅਤੇ ਤੁਸੀਂ ਪੁਲਿਸ ਨਾਲ ਜੁੜ ਜਾਓਗੇ। ਜੇ ਤੁਸੀਂ ਕੁਝ ਨਹੀਂ ਬੋਲੋਗੇਂ ਤਾਂ ਉਹ ਇਕ ਪੁਲਿਸ ਅਧਿਕਾਰੀ ਨੂੰ ਟੈਲੀਫੋਨ ਨੰਬਰ ਨਾਲ ਜੁੜੇ ਪਤੇ 'ਤੇ ਭੇਜਣਗੇ।
- ਤੁਹਾਡੇ ਲਈ ਅਤੇ ਤੁਹਾਡੇ ਬੱਚਿਆਂ ਲਈ ਜ਼ਰੂਰੀ ਕੱਪੜੇ ਅਤੇ ਟਾਇਲਟਰੀ ਨਾਲ ਇਕ ਛੋਟਾ ਐਮਰਜੈਂਸੀ ਬੈਗ ਪੈਕ ਕਰੋ। ਜੇ ਹੋ ਸਕੇ ਤਾਂ ਬੈਗ ਆਪਣੇ ਦੋਸਤ ਦੇ ਘਰ ਛੱਡ ਦਿਓ।
- ਕਾਰ ਦੀ ਚਾਬੀਆਂ ਦਾ ਇੱਕ ਵਾਧੂ ਸੈੱਟ ਅਤੇ ਮਹੱਤਵਪੂਰਨ ਕਾਗਜ਼ਾਤ ਜਿਵੇਂ ਕਿ ਪਾਸਪੋਰਟ ਅਤੇ ਜਨਮ ਸਰਟੀਫਿਕੇਟ ਨੂੰ ਇੱਕ ਜਗ੍ਹਾ ਤੇ ਰੱਖੋ ਜਿਥੇ ਪਹੁੰਚਣਾ ਆਸਾਨ ਹੋਵੇ।
- ਟੈਲੀਫੋਨ ਅਤੇ ਸੋਸ਼ਲ ਮੀਡੀਆ ਦੇ ਜ਼ਰੀਏ ਦੋਸਤਾਂ ਅਤੇ ਪਰਿਵਾਰ ਨਾਲ ਜੁੜੇ ਰਹੋ ਅਤੇ ਇਕ 'ਸੁਰੱਖਿਅਤ ਸ਼ਬਦ\ਕੋਡ ਵਰਡ ਜਿਵੇਂ ਕਿ **"ਮੀਂਹ ਪੈਣ ਵਾਲਾ ਹੈ"** ਉਹਨਾਂ ਨੂੰ ਇਹ ਦੱਸਣ ਲਈ ਵਰਤੋ ਕਿ ਤੁਹਾਨੂੰ ਮਦਦ ਦੀ ਜ਼ਰੂਰਤ ਹੈ।

ਸੁਰੱਖਿਅਤ ਰਹਿਣ ਬਾਰੇ ਵਧੇਰੇ ਜਾਣਕਾਰੀ ਇਥੇ **ਸੇਫ ਸਟੇਪਸ** ਪਰਿਵਾਰਕ\ਘਰੇਲੂ ਹਿੰਸਾ ਪ੍ਰਤੀਕ੍ਰਿਆ ਕੇਂਦਰ ਤੋਂ ਉਪਲਬਧ ਹੈ।

### ਕੀ ਮੈਂ ਪਰਿਵਾਰਕ/ਘਰੇਲੂ ਹਿੰਸਾ ਦੇ ਕਾਰਨ ਘਰ ਛੱਡ ਸਕਦਾ ਸਕਦੀ ਹਾਂ?

ਨਵਾਂ ਕੋਵਿਡ-19 ਕਾਨੂੰਨ ਲੋਕਾਂ ਨੂੰ ਕੁਝ ਕਾਰਣਾਂ ਕਰਕੇ ਜ਼ਰੂਰੀ ਯਾਤਰਾ ਕਰਨ ਦੀ ਆਗਿਆ ਦਿੰਦਾ ਹੈ, ਜਿਸ ਵਿਚ ਇੱਕ ਕਾਰਨ ਪਰਿਵਾਰਕ/ਘਰੇਲੂ ਕਰਕੇ ਘਰ ਛੱਡਣਾ ਹੈ।

ਸਹਾਇਤਾ ਮੰਗਣ ਲਈ ਤੁਹਾਨੂੰ ਇੱਕ ਪੁਲਿਸ ਸਟੇਸ਼ਨ ਜਾਣ ਦੀ ਆਗਿਆ ਹੈ,ਅਤੇ ਉਹ ਤੁਹਾਨੂੰ ਦੁਭਾਸ਼ੀਏ ਵੀ ਉਪਲਬੱਧ ਕਰਾ ਸਕਦੇ ਹਨ। ਜੇ ਤੁਹਾਨੂੰ ਸ਼ਰਨ ਜਾਂ ਹੋਰ ਸੁਰੱਖਿਅਤ ਰਿਹਾਇਸ਼ ਦੀ ਲੋੜ ਹੈ, ਤਾਂ ਤੁਸੀਂ ਪਰਿਵਾਰਕ\ਘਰੇਲੂ ਹਿੰਸਾ ਸਹਾਇਤਾ ਸੇਵਾ, ਜਿਵੇਂ ਕਿ **ਸੈਫ ਸਟੇਪਸ** ਪਰਿਵਾਰਕ\ਘਰੇਲੂ ਹਿੰਸਾ ਪ੍ਰਤੀਕ੍ਰਿਆ ਕੇਂਦਰ ਨਾਲ ਸੰਪਰਕ ਕਰਕੇ ਘਰ ਤੋਂ ਬਾਹਰ ਜਾ ਸਕਦੇ ਹੋ।



ਜੇ ਤੁਹਾਨੂੰ ਪਰਿਵਾਰਕ\ਘਰੇਲੂ ਹਿੰਸਾ ਕਾਰਨ ਕਿਰਾਏ ਦੀ ਜਾਇਦਾਦ ਤੋਂ ਬਾਹਰ ਜਾਣਾ ਪੈਂਦਾ ਹੈ, ਤਾਂ ਤੁਸੀਂ ਆਪਣੇ ਲੀਜ਼ ਨੂੰ ਖਤਮ ਕਰਨ ਜਾਂ ਬਦਲਣ ਲਈ ਵੇਕੈਟ (VCAT) ਤੇ ਅਰਜ਼ੀ ਦੇ ਸਕਦੇ ਹੋ।

ਹੀਨਾ ਨੂੰ ਆਪਣੇ ਸਾਬਕਾ ਪਤੀ ਵਿਰੁੱਧ ਪਰਿਵਾਰਕ\ਘਰੇਲੂ ਹਿੰਸਾ ਇੰਟਰਵੈਨਸ਼ਨ ਆਰਡਰ ਲਈ ਆਪਣੀ ਅਰਜ਼ੀ ਲਈ ਅਦਾਲਤ ਵਿਚ ਹਾਜ਼ਰ ਹੋਣਾ ਪਿਆ। ਉਹ ਵਕੀਲ ਤੋਂ ਬਿਨਾਂ ਅਦਾਲਤ ਵਿੱਚ ਪੇਸ਼ ਹੋਣ ਬਾਰੇ ਬਹੁਤ ਚਿੰਤਤ ਸੀ।

ਹੀਨਾ ਨੂੰ ਉਸ ਦੇ ਵਿਕਲਪਾਂ ਬਾਰੇ ਸਲਾਹ ਦੇਣ ਲਈ, ਅਦਾਲਤ ਦੀ ਪ੍ਰਕਿਰਿਆ ਸਮਝਾਉਣ, ਸੁਣਵਾਈ ਦੀ ਤਿਆਰੀ ਲਈ ਉਸਦੀ ਮਦਦ ਕਰਨ ਲਈ ਡਿਊਟੀ ਵਕੀਲਾਂ ਦਾ ਫੋਨ ਨੰਬਰ ਪ੍ਰਦਾਨ ਕੀਤਾ ਗਿਆ ਸੀ। ਉਸ ਸਮੇਂ ਵਕੀਲ ਅਦਾਲਤ ਨਾਲ ਸਿੱਧੇ ਤੌਰ 'ਤੇ ਗੱਲਬਾਤ ਕਰਕੇ ਹੀਨਾ ਦੀ ਮੰਗ ਅਦਾਲਤ ਸਾਮ੍ਹਣੇ ਰੱਖ ਸਕਿਆ, ਜਿਸਦਾ ਮਤਲਬ ਇਹ ਹੋਇਆ ਕਿ ਜਦੋਂ ਹੀਨਾ ਦਾ ਮਾਮਲਾ ਅਦਾਲਤ ਵਿਚ ਗਿਆ ਤਾਂ ਹੀਨਾ ਨੂੰ ਜ਼ਿਆਦਾ ਕੁਝ ਨਹੀਂ ਬੋਲਣਾ ਪਇਆ ਅਤੇ ਅਦਾਲਤ ਦੀ ਸੁਣਵਾਈ ਤੋਂ ਉਸਨੂੰ ਸਕਾਰਾਤਮਕ ਨਤੀਜਾ ਮਿਲਿਆ।



**ਕਾਨੂੰਨ ਮੈਨੂੰ ਕਿਵੇਂ ਸੁਰੱਖਿਅਤ ਰੱਖ ਸਕਦਾ ਹੈ?**

ਪਰਿਵਾਰਕ\ਘਰੇਲੂ ਹਿੰਸਾ ਕਰਨ ਲਈ ਪੁਲਿਸ ਕਿਸੇ ਨੂੰ ਗ੍ਰਿਫਤਾਰ ਕਰ ਸਕਦੀ ਹੈ ਅਤੇ ਉਸ ਤੇ ਪਰਿਵਾਰਕ\ਘਰੇਲੂ ਹਿੰਸਾ ਕਰਨ ਲਈ ਦੋਸ਼ ਲਗਾ ਸਕਦੀ ਹੈ, ਜਿਸ ਵਿੱਚ ਸਰੀਰਕ ਜਾਂ ਜਿਨਸੀ ਹਿੰਸਾ ਕਰਨਾ, ਕਿਸੇ ਦਾ ਪਿੱਛਾ ਕਰਨਾ, ਧਮਕੀਆਂ ਦੇਣਾ ਜਾਂ ਜਾਇਦਾਦ ਨੂੰ ਨੁਕਸਾਨ ਪਹੁੰਚਾਉਣਾ ਸ਼ਾਮਲ ਹੈ।

ਤੁਹਾਨੂੰ ਇੱਕ **ਪਰਿਵਾਰਕ\ਘਰੇਲੂ ਹਿੰਸਾ ਦਖਲ ਦੇ ਆਦੇਸ਼ (ਇੰਟਰਵੈਨਸ਼ਨ ਆਰਡਰ)** ਦੁਆਰਾ ਵੀ ਸੁਰੱਖਿਅਤ ਰੱਖਿਆ ਜਾ ਸਕਦਾ ਹੈ। ਇੰਟਰਵੈਨਸ਼ਨ ਆਰਡਰ ਇੱਕ ਅਦਾਲਤ ਦਾ ਆਦੇਸ਼ ਹੈ ਜਿਸਦਾ ਅਰਥ ਹੈ ਕਿ ਇੱਕ ਵਿਅਕਤੀ ਤੁਹਾਡੇ ਅਤੇ/ਜਾਂ ਤੁਹਾਡੇ ਬੱਚਿਆਂ ਵਿਰੁੱਧ ਪਰਿਵਾਰਕ\ਘਰੇਲੂ ਹਿੰਸਾ ਨਹੀਂ ਕਰ ਸਕਦਾ। ਆਰਡਰ ਵਿੱਚ ਵੱਖੋ ਵੱਖਰੀਆਂ ਸਥਿਤੀਆਂ ਸ਼ਾਮਲ ਹੋ ਸਕਦੀਆਂ ਹਨ, ਅਤੇ ਜਿਸ ਵਿੱਚ ਲੋਕਾਂ (ਜੋੜੇ ਨੂੰ ਜਾਂ ਹੋਰ ਪਰਿਵਾਰ ਦੇ ਮੈਂਬਰਾਂ) ਨੂੰ ਅਜੇ ਵੀ ਇਕੱਠੇ ਰਹਿਣ ਦੀ ਆਗਿਆ ਮਿਲ ਸਕਦੀ ਹੈ, ਜਾਂ ਅਦਾਲਤ ਉਨ੍ਹਾਂ ਨੂੰ ਤੁਹਾਡੇ ਤੋਂ ਕੁਝ ਦੂਰੀ ਨਾਲ ਸੰਪਰਕ ਰੱਖਣ ਜਾਂ ਤੁਹਾਡੇ ਨਾਲ ਸੰਪਰਕ ਨਾ ਕਰਨ ਲਈ ਕਹਿ ਸਕਦੀ ਹੈ।

ਇੰਟਰਵੈਨਸ਼ਨ ਆਰਡਰ ਦੀ ਪਾਲਣਾ ਨਾ ਕਰਨਾ ਇੱਕ ਜੁਰਮ ਹੈ, ਅਤੇ ਪੁਲਿਸ ਕਿਸੇ ਨੂੰ ਆਰਡਰ ਦੀ ਪਾਲਣਾ ਨਾ ਕਰਨ ਲਈ ਗ੍ਰਿਫਤਾਰ ਕਰ ਸਕਦੀ ਹੈ।

**ਕੀ ਮੈਂ ਕੋਵਿਡ-19 ਦੇ ਦੌਰਾਨ ਪਰਿਵਾਰਕ\ਘਰੇਲੂ ਹਿੰਸਾ ਇੰਟਰਵੈਨਸ਼ਨ ਆਰਡਰ ਲੈ ਸਕਦਾ\ਸਕਦੀ ਹਾਂ?**

ਹਾਂ,ਅਦਾਲਤਾਂ ਅਜੇ ਵੀ ਖੁੱਲੀਆਂ ਹਨ, ਅਤੇ ਤੁਸੀਂ ਖੁਦ ਇਕ ਇੰਟਰਵੈਨਸ਼ਨ ਆਰਡਰ ਲਈ ਅਰਜ਼ੀ ਦੇ ਸਕਦੇ ਹੋ, ਜਾਂ ਪੁਲਿਸ ਤੁਹਾਡੀ ਤਰਫੋਂ ਦਰਖਾਸਤ ਦੇ ਸਕਦੀ ਹੈ।

ਕੋਵਿਡ-19 ਦੇ ਕਾਰਨ, ਅਦਾਲਤਾਂ ਦੇ ਕੁਝ ਬਦਲਵੇਂ ਪ੍ਰਬੰਧ ਹਨ:

- ਤੁਸੀਂ ਅਦਾਲਤ ਵਿਚ ਹਾਜ਼ਰ ਹੋਣ ਦੀ ਬਜਾਏ fvio.mcv.vic.gov.au 'ਤੇ ਓਨਲਾਈਨ ਅਰਜ਼ੀ ਦੇ ਸਕਦੇ ਹੋ।
- ਅਦਾਲਤ ਨੇ ਸਮਾਜਕ ਦੂਰੀਆਂ ਦੇ ਉਪਾਅ ਪੇਸ਼ ਕੀਤੇ ਹਨ, ਅਤੇ ਤੁਹਾਡੇ ਮਾਮਲੇ ਨੂੰ ਫੋਨ ਤੇ ਜਾਂ ਵੀਡੀਓ ਕਾਨਫਰੰਸਿੰਗ ਦੀ ਵਰਤੋਂ ਕਰਦਿਆਂ ਸੁਣਿਆ ਜਾ ਸਕਦਾ ਹੈ।

**ਕੀ ਮੈਂ ਕੋਰਟ ਵਿਖੇ ਮਦਦ ਲੈ ਸਕਦਾ\ਸਕਦੀ ਹਾਂ?**

ਹਾਂ, ਡਿਊਟੀ ਵਕੀਲ ਸੇਵਾਵਾਂ ਅਦਾਲਤ ਵਿੱਚ ਪਰਿਵਾਰਕ\ਘਰੇਲੂ ਹਿੰਸਾ ਦੇ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਕਾਨੂੰਨੀ ਸਲਾਹ ਅਤੇ ਸਹਾਇਤਾ ਪ੍ਰਦਾਨ ਕਰਨ ਲਈ ਰਿਮੋਟਲੀ ਕੰਮ ਕਰ ਰਹੀਆਂ ਹਨ।

ਨੌਰਦਨ ਕਮਿਊਨਿਟੀ ਲੀਗਲ ਸੈਂਟਰ ਫੋਨ 'ਤੇ ਬ੍ਰੌਡਮੀਡੋਜ਼ ਕੋਰਟ ਵਿਖੇ ਪਰਿਵਾਰਕ\ਘਰੇਲੂ ਹਿੰਸਾ ਦੇ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਕਾਨੂੰਨੀ ਸਲਾਹ ਅਤੇ ਸਹਾਇਤਾ ਪ੍ਰਦਾਨ ਕਰ ਰਿਹਾ ਹੈ। ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ ਜੇ ਤੁਸੀਂ ਆਪਣੀ ਅਰਜ਼ੀ ਦਿੱਤੀ ਹੈ, ਜਾਂ ਜੇ ਪੁਲਿਸ ਨੇ ਤੁਹਾਡੀ ਤਰਫੋਂ ਅਰਜ਼ੀ ਦਿੱਤੀ ਹੈ। ਫੋਨ ਕਰੋ: **(03) 9310 4376.**

**ਮੇਰੇ ਕੋਲ ਇਕ ਅੰਤਰਿਮ ਇੰਟਰਵੈਨਸ਼ਨ ਆਰਡਰ ਹੈ,ਕੀ ਮੈਨੂੰ ਅਦਾਲਤ ਵਿੱਚ ਜਾਣ ਦੀ ਲੋੜ ਹੈ?**

ਬਹੁਤ ਸਾਰੀਆਂ ਅਦਾਲਤੀ ਸੁਣਵਾਈਆਂ ਨੂੰ 15 ਜੂਨ 2020 ਤੱਕ ਮੁਲਤਵੀ ਕੀਤੀਆਂ ਜਾ ਰਹੀਆਂ ਹਨ। ਜੇ ਕੋਈ ਅੰਤਰਿਮ ਇੰਟਰਵੈਨਸ਼ਨ ਆਰਡਰ ਲਾਗੂ ਹੈ, ਜੇ ਤੁਹਾਡੀ ਅਗਲੀ ਸੁਣਵਾਈ 15 ਜੂਨ ਤੋਂ ਪਹਿਲਾਂ ਹੈ, ਤਾਂ ਤੁਹਾਨੂੰ ਸ਼ਾਇਦ ਅਦਾਲਤ ਵਿੱਚ ਹਾਜ਼ਰੀ ਦੇਣ ਦੀ ਲੋੜ ਨਾ ਪਵੇ। ਅਦਾਲਤ ਦੁਆਰਾ ਤੁਹਾਨੂੰ ਨਵੀਂ ਅਦਾਲਤ ਦੀ ਮਿਤੀ ਬਾਰੇ ਇੱਕ ਪੱਤਰ ਭੇਜਿਆ ਜਾਵੇਗਾ।

**ਕੀ ਮੈਨੂੰ ਦੂਸਰੇ ਮਾਪਿਆਂ ਨੂੰ ਕੋਵਿਡ-19 ਦੌਰਾਨ ਸਾਡੇ ਬੱਚਿਆਂ ਨੂੰ ਦੇਖਣ ਦੀ ਇਜ਼ਾਜ਼ਤ ਦੇਣੀ ਪਵੇਗੀ?**

ਨੌਰਦਨ ਕਮਿਊਨਿਟੀ ਲੀਗਲ ਸੈਂਟਰ ਨੇ **ਇੱਥੇ** ਉਪਲਬਧ ਕੋਵਿਡ-19 ਦੌਰਾਨ ਪਾਲਣ ਪੋਸ਼ਣ ਦੇ ਪ੍ਰਬੰਧਾਂ ਬਾਰੇ ਸੂਚਨਾ ਪੱਤਰ ਜਾਰੀ ਕੀਤਾ ਹੈ।

**ਹੋਰ ਜਾਣਕਾਰੀ ਲਈ:**

- **ਨੌਰਦਨ ਕਮਿਊਨਿਟੀ ਲੀਗਲ ਸੈਂਟਰ:** northernclc.org.au/covid-19-facts-and-info
- **ਸੇਫ ਸਟੇਪਸ** ਪਰਿਵਾਰਕ\ਘਰੇਲੂ ਹਿੰਸਾ ਪ੍ਰਤੀਕ੍ਰਿਆ ਕੇਂਦਰ: safesteps.org.au/understanding-family-violence/seeking-safety-during-covid-19/
- **ਮੈਜਿਸਟ੍ਰੇਟਜ਼ ਕੋਰਟ**: mcv.vic.gov.au/news-and-resources/news/your-questions-answered-during-covid-19

**ਸਹਾਇਤਾ ਸੇਵਾਵਾਂ:**

- ਬੇਰੀ ਸਟ੍ਰੀਟ: (03) 9450 4700
- ਸੇਫ ਸਟੇਪਸ (ਹਫ਼ਤੇ ਵਿਚ 7 ਦਿਨ, 24 ਘੰਟੇ ਪ੍ਰਤੀ ਦਿਨ): 1800 015 188
- ਕਿਲਡੋਨਨ ਯੂਨਾਟਿੰਗ ਪਰਿਵਾਰਕ\ਘਰੇਲੂ ਹਿੰਸਾ ਪ੍ਰੋਗਰਾਮ: (03) 9302 6100
- ਐਂਗਲੀਕੇਅਰ ਬ੍ਰੌਡਮੀਡੋਜ਼: (03) 9301 5200
- 1800RESPECT (ਹਫ਼ਤੇ ਵਿਚ 7 ਦਿਨ, 24 ਘੰਟੇ ਪ੍ਰਤੀ ਦਿਨ): 1800 737 732 / 1800respect.org.au

**ਮੁਫਤ ਕਾਨੂੰਨੀ ਸਲਾਹ ਲਵੋ!**
**ਨੌਰਦਨ ਕਮਿਊਨਿਟੀ ਲੀਗਲ ਸੈਂਟਰ**
(03) 9310 4376
admin@northernclc.org.au

**ਵਿਕਟੋਰੀਆ ਲੀਗਲ ਏਡ:**
1300 792 387

**ਇਹ ਦਸਤਾਵੇਜ਼ ਕਾਨੂੰਨੀ ਸਲਾਹ ਨਹੀਂ ਹੈ। ਇਹ ਜਾਣਕਾਰੀ 29 ਅਪ੍ਰੈਲ 2020 ਤੱਕ ਸਹੀ ਹੈ, ਹਾਲਾਂਕਿ ਇਸ ਮਿਆਦ ਦੇ ਦੌਰਾਨ ਚੀਜ਼ਾਂ ਬਹੁਤ ਤੇਜ਼ੀ ਨਾਲ ਬਦਲ ਰਹੀਆਂ ਹਨ, ਇਸ ਲਈ ਤੁਹਾਨੂੰ ਇਸ ਜਾਣਕਾਰੀ ਦੇ ਅਧਾਰ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ।**

NORTHERN COMMUNITY LEGAL CENTRE